ਪੋੜੀ 34-37

ਕੇਂਦਰੀ ਭਾਵ: ਮਨਸਥਿਤੀ ਅਧਿਆਤਮਵਾਦ ਦੇ ਵੱਖ ਵੱਖ ਪੜਾਵਾਂ ਵਿੱਚ

ਅਗਾਮੀ ਪਾਠ ਅਧਿਆਤਮਵਾਦ ਦੇ ਪੜਾਅ ਉਤੇ ਹਨ। ਹਰ ਇਕ ਪੜਾਅ ਵਿੱਚ ਕੀ ਕੁਝ ਵਾਪਰਦਾ ਹੈ ਦਰਸਾਇਆ ਹੈ।

ਪਹਿਲਾ ਪੜਾਅ - ਧਰਮ ਖੰਡ- ਇਸ ਵਿੱਚ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਉਹ ਇਸ ਜਗਤ ਵਿੱਚ ਕਿਸ ਪ੍ਰਯੋਜਨ ਨਾਲ ਆਇਆ ਹੈ। ਜਿਵੇਂ ਪਾਠਸ਼ਾਲਾ ਵਿੱਚ ਅਸੀਂ ਸਿੱਖਦੇ ਹਾਂ ਕਿ ਜਗਤ ਦੇ ਕਾਰਜ ਕਿਵੇਂ ਸੰਚਾਲਿਤ ਅਤੇ ਪਰਬੰਧਿਤ ਹੁੰਦੇ ਹਨ। ਧਰਮਸ਼ਾਲਾ ਵਿੱਚ ਅਸੀਂ ਸਿੱਖਦੇ ਹਾਂ ਕਿ ਪ੍ਰਮਾਤਮਾ ਦੇ ਕਾਰਜ ਕਿਵੇਂ ਸੰਚਾਲਿਤ ਹੁੰਦੇ ਹਨ।

ਮਨੁੱਖ ਦਾ ਇਸ ਜਗਤ ਵਿੱਚ ਆਉਣ ਦਾ ਪ੍ਰਯੋਜਨ ਧਰਮ ਕਮਾਉਣਾ ਹੈ। ਪਹਿਲਾ ਪਾਠ ਇਹ ਹੈ ਕਿ ਉਸ ਪ੍ਰਮਾਤਮਾ ਨੂੰ ਮਿਲਣ ਦੀ ਯਾਤਰਾ ਵਿੱਚ ਇਹ ਸਰਜ਼ਮੀਨ ਇਕ ਸਰਾਂ ਹੈ। ਮਨੁੱਖ ਨੂੰ ਅੱਗੇ, ਹੋਰ ਅੱਗੇ ਚਲਣਾ ਪਏਗਾ ਜਦ ਤੱਕ ਕਿ ਉਹ ਪ੍ਰਮਾਤਮਾ ਦੇ ਘਰ ਨਹੀਂ ਪਹੁੰਚ ਜਾਂਦਾ। ਮਨੁੱਖ ਪ੍ਰਮਾਤਮਾ ਨੂੰ ਪਾਉਣ ਦੀ ਯਾਤਰਾ ਤੇ ਹੈ ਅਤੇ ਉਹ ਥੋੜੇ ਜਿਹੇ ਸਮੇਂ ਦੇ ਆਰਾਮਘਰ ਦੇ ਟਿਕਾਣੇ ਨੂੰ ਹੀ ਨਹੀਂ ਬਲਕਿ ਆਉਣ ਵਾਲੇ ਸਮੇਂ ਦੀਆਂ ਖ਼ਾਹਸ਼ਾਂ, ਸੁਫ਼ਨਿਆਂ ਨੂੰ ਚਿੰਬੜ ਕੇ ਬੈਠ ਜਾਂਦਾ ਹੈ। ਉਹ ਇਸ ਆਰਾਮਘਰ ਵਿੱਚ ਪੂਰਾ ਗ੍ਰਸਤ ਹੋ ਜਾਂਦਾ ਹੈ ਅਤੇ ਉਸਦੇ ਚਿੰਤਾ, ਫਿਕਰ ਆਪਣੇ ਉਤੇ ਲੈ ਲੈਂਦਾ ਹੈ ਜਦਕਿ ਉਹ ਭੁੱਲ ਗਿਆ ਹੈ ਉਸਨੇ ਕਿਸੀ ਮੰਜ਼ਿਲ ਤੇ ਪਹੁੰਚਣਾ ਹੈ। ਉਹ ਇਰਦ-ਗਿਰਦ ਸਭ ਲਈ ਫਿਕਰਮੰਦ ਹੈ ਸਿਰਫ ਸੱਚ ਨੂੰ ਛੱਡ ਕੇ, ਕਿ ਘਰ ਪਹੁੰਚਣਾ ਹੈ! ਇਸ ਜਗਤ ਨੂੰ ਆਖਰੀ ਟਿਕਾਣਾ, ਆਪਣਾ ਘਰ ਨਹੀਂ ਬਨਾਉਣਾ।ਪ੍ਰਮਾਤਮਾ ਨੂੰ ਧਿਆਨ ਵਿੱਚ ਰੱਖ ਕੇ ਜੀਓ, ਕਿਉਂਕਿ ਉਹ ਹੀ ਟੀਚਾ ਸਾਧੀ ਹੋਈ ਮੰਜ਼ਿਲ ਹੈ, ਘਰ ਹੈ।

ਮਨੁੱਖ ਦੀ ਤਕਦੀਰ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਉਹ ਕਿਹੋ ਜਿਹੇ ਕਰਮ ਕਰਦਾ ਹੈ। ਇਕ ਦਿਨ ਇਹ ਸਰਾਂ ਮਨੁੱਖ ਤੋਂ ਖੋਹ ਲਈ ਜਾਏਗੀ ਪਰ ਉਸਦੇ ਕਰਮਾਂ ਦਾ ਤਾਣਾਬਾਣਾ ਉਸਦੇ ਨਾਲ ਰਹੇਗਾ। ਮਨੁੱਖ ਦੀ ਮੌਤ ਤੋਂ ਬਾਅਦ ਇਹ ਜਗਤ ਤਾਂ ਹੁਣ ਉਸਦੇ ਲਈ ਨਹੀਂ ਹੈ ਪਰ ਉਸਦੇ ਕਰਮ ਪਰਛਾਈ ਦੀ ਤਰਾਂ ਉਸਦਾ ਪਿਛਾ ਕਰਦੇ ਹਨ।ਮਨੁੱਖ ਦੇ ਕਰਮ ਉਸਦਾ ਅਨੰਤ ਜਨਮਾਂ ਤਕ ਪਿਛਾ ਕਰਦੇ ਹਨ ਅਤੇ ਆਖ਼ਰੀ ਫੈਸਲਾ ਉਸਦੇ ਸਾਰੇ ਕਰਮਾਂ ਦੇ ਜੋੜ ਤੇ ਅਧਾਰਿਤ ਹੁੰਦਾ ਹੈ। ਜੇ ਮਨੁੱਖ ਆਪਣੇ ਮਨ ਵਿੱਚ ਸਦਾ ਯਾਦ ਰਖੇ ਕਿ ਇਹ ਜਗਤ ਇਕ ਆਰਾਮਘਰ ਹੈ ਅਤੇ ਜਿਨ੍ਹਾ ਨਾਲ ਉਹ ਰੂਬਰੂ ਹੋ ਰਿਹਾ ਹੈ ਸਾਰੇ ਹੀ ਸਰਾਂ ਵਿੱਚ ਠਹਿਰੇ ਹੋਏ ਅਜਨਬੀ ਹਨ ਤਾਂ ਉਸਦੇ ਲਗਭਗ ਸਾਰੇ ਕਰਮਾਂ ਦੀ ਕੜੀ ਆਪਣੇ ਆਪ ਰੁੱਕ ਜਾਂਦੀ ਹੈ? ਮਨੁੱਖ ਕਿਵੇਂ ਅਜਨਬੀਆਂ ਨਾਲ ਗੁੱਸਾ, ਲੜਾਈ, ਧੋਖਾ ਅਦਿ ਕਰ ਸਕਦਾ ਹੈ ਅਤੇ ਕਿਸ ਲਈ। ਬਲਕਿ ਉਹ ਉਨ੍ਹਾਂ ਉਤੇ ਰਹਿਮ ਖਾਂਦਾ ਹੈ ਜਿਨ੍ਹਾਂ ਨੇ ਇਸ ਸਰਾਂ ਨੂੰ ਆਪਣਾ ਜੱਦੀ ਘਰ ਬਣਾ ਲਿਆ ਹੈ ਅਤੇ ਅਦਾਲਤਾਂ ਵਿੱਚ ਝਗੜਦੇ ਫਿਰਦੇ ਹਨ ਇਸਦਾ ਕਬਜ਼ਾ ਲੈਣ ਵਾਸਤੇ। ਇਸ ਜਗਤ ਵਿੱਚ ਤੁਹਾਡਾ ਆਪਣਾ ਕੋਈ ਨਹੀਂ ਹੈ। ਕੋਈ ਤਰੀਕਾ ਵੀ ਨਹੀਂ ਹੈ ਕਿਸੇ ਨੂੰ ਆਪਣਾ ਬਨਾਉਣ ਦਾ ਸਿਵਾਇ ਪ੍ਰਮਾਤਮਾ ਨੂੰ। ਇਕੱਲਾ ਪ੍ਰਮਾਤਮਾ ਹੀ ਤੁਹਾਡਾ ਆਪਣਾ ਹੈ ਪਰ ਫਿਰ ਵੀ ਮਨੁੱਖ ਉਸਦੀ ਭਾਲ ਨਹੀਂ ਕਰਦਾ। ਮਨੁੱਖ ਅਜਨਬੀਆਂ ਨੂੰ ਆਪਣਾ ਸਮਝ ਲੈਂਦਾਂ ਹੈ ਜਦਕਿ ਸੱਚਾਈ ਇਹ ਹੈ ਹਰ ਇਕ ਪ੍ਰਾਣੀ ਆਪਣੀ ਯਾਤਰਾ ਉਤੇ ਹੈ ਅਤੇ ਆਪਣੇ ਕੀਤੇ ਕਰਮਾਂ ਅਨੁਸਾਰ ਜੀ ਰਿਹਾ ਹੈ।

ਮਨੁੱਖ ਦਾ ਹਰ ਇਕ ਕਰਮ ਉਸਦੇ ਜੀਵਨ ਦਾ ਸਾਂਚਾ ਨਿਰਧਾਰਤ ਕਰਦਾ ਹੈ ਇਸ ਲਈ ਕੁਝ ਵੀ ਕਰਨ ਤੋਂ ਪਹਿਲਾਂ ਧਿਆਨ ਨਾਲ ਸੋਚੋ।ਪ੍ਰਮਾਤਮਾ ਦੀ ਦਰਗਾਹ ਵਿੱਚ ਸਿਰਫ ਸੱਚੇ, ਖਰੇ ਹੀ ਪ੍ਰਵੇਸ਼ ਕਰ ਪਾਂਉਦੇ ਹਨ ਅਤੇ ਉਸਦੀ ਦਇਆਵਾਨ ਨਜ਼ਰ ਨਾਲ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਸਭ ਕੁਝ ਪਿਛੇ ਪ੍ਰਮਾਤਮਾ ਦਾ ਹੀ ਹੱਥ ਹੈ। ਜਦੋਂ ਸੱਚਾਈ ਮਨੁੱਖ ਦੇ ਜੀਵਨ ਵਿੱਚ ਪ੍ਰਵੇਸ਼ ਕਰਦੀ ਹੈ ਤਾਂ ਉਸਨੂੰ ਪ੍ਰਮਾਤਮਾ ਦੀ ਕ੍ਰਿਪਾ ਦ੍ਰਿਸ਼ਟੀ ਦੇ ਸਬੂਤ ਮਿਲਦੇ ਹਨ।ਮਨੁੱਖ ਪ੍ਰਮਾਤਮਾ ਦੀ ਝਲਕ ਪਾਂਉਦਾ ਹੈ ਅਤੇ ਜ਼ਰੇ-ਜ਼ਰੇ ਵਿੱਚ ਉਸਦਾ ਆਭਾਸ ਮਹਿਸੂਸ ਕਰਦਾ ਹੈ। ਜੇ ਮਨੁੱਖ ਖਰਾ ਨਾ ਹੋਵੇ ਤਾਂ ਉਹ ਪ੍ਰਮਾਤਮਾ ਨੂੰ ਪਛਾਣ ਨਹੀ ਸਕਦਾ।

ਹਰ ਇਕ ਪ੍ਰਾਣੀ ਵਿਚਾਰਿਆ ਅਤੇ ਨਿਸ਼ਚਿਤ ਕੀਤਾ ਜਾਂਦਾ ਹੈ ਕਿ ਇਹ ਪ੍ਰਮਾਤਮਾ ਦੀ ਦਰਗਾਹ ਵਿੱਚ ਲੰਗਣ ਯੋਗ ਹੈ ਕਿ ਨਹੀਂ। ਕਿ ਮਨੁੱਖ ਪ੍ਰਮਾਤਮਾ ਅੱਗੇ ਆਪਣੇ ਕਰਮਾਂ ਦਾ ਹਿਸਾਬ ਦੇਣ ਨੂੰ ਤਿਆਰ ਹੈ ਜਾਂ ਲੇਖਾ ਦੇਣ ਤੋਂ ਘਬਰਾ ਰਿਹਾ ਹੈ? ਜੇ ਇਨਸਾਨ ਭੈਭੀਤ ਹੈ ਅਤੇ ਕੁਝ ਛਿਪਾਣਾ ਚਾਹੁੰਦਾ ਹੈ ਤਾਂ ਉਹ ਅਯੋਗ ਹੈ ਕਿਉਂਕਿ ਉਸ ਪ੍ਰਮਾਤਮਾ ਤੋਂ ਕੁਝ ਵੀ ਲੁਕਿਆ ਹੋਇਆ ਨਹੀਂ ਹੈ। ਉਹ ਸਰਾਸਰ ਵੇਖ ਸਕਦਾ ਹੈ।ਮਨੁੱਖ ਸਾਰੇ ਜਹਾਨ ਨੂੰ ਚਾਰ ਸਕਦਾ ਹੈ ਪਰ ਆਪਣੇ ਆਪ ਨੂੰ ਧੋਖਾ ਕਿਵੇਂ ਦੇਵੇ। ਸਾਰਾ ਜਹਾਨ ਤੁਹਾਡਾ ਆਦਰ ਸਨਮਾਨ ਕਰਦਾ ਹੋਵੇ ਪਰ ਮਨੁੱਖ ਜਾਣਦਾ ਹੈ ਕਿ ਉਹ ਅਸਲ ਕੀ ਹੈ। ਕਾਇਨਾਤ ਜਿਹੜੀ ਮਨੁੱਖ ਦੇ ਅੰਦਰ ਛੁਪੀ ਹੋਈ ਹੈ ਉਹ ਪ੍ਰਮਾਤਮਾ ਆਪ ਹੀ ਹੈ। ਮਨੁੱਖ ਪ੍ਰਮਾਤਮਾ ਨੂੰ ਕਿਵੇਂ ਧੋਖਾ ਦੇ ਸਕਦਾ ਹੈ ਜਿਥੇ ਸਭ ਕੁਝ ਖੁੱਲ੍ਹਾ, ਬੇਨਕਾਬ ਹੈ। ਇਸ ਲਈ ਸਿਰਫ ਖਰੇ ਇਨਸਾਨ ਹੀ ਪ੍ਰਮਾਤਮਾ ਦੀ ਦਰਗਾਹ ਵਿੱਚ ਆਦਰ ਪਾਂਉਦੇ ਹਨ।

ਦੂਜਾ ਪੜਾਅ - ਗਿਆਨ ਖੰਡ - ਜਦੋਂ ਮਨੁੱਖ ਪ੍ਰਮਾਤਮਾ ਨੂੰ ਪਛਾਣ ਲੈਂਦਾ ਹੈ ਤਾਂ ਉਹ ਗਿਆਨ ਨੂੰ ਪ੍ਰਾਪਤ ਹੋ ਜਾਂਦਾ ਹੈ। ਉਹ ਹੋਸ਼ ਪੂਰਵਕ ਉਸ ਅਪਰੰਪਰ ਮਹਿਮਾ ਦਾ ਅਨੁਭਵ ਕਰਦਾ ਹੈ। ਇਸ ਵਿੱਚ ਮਨੁੱਖ ਵਿਸਮਾਦ ਅਵੱਸਥਾ ਵਿੱਚ ਚਲਾ ਜਾਂਦਾ ਹੈ। ਜਿਵੇਂ ਜਗਤ ਵਿੱਚ ਕਿਸੇ ਜਾਦੂਗਰ ਦੇ ਜਾਦੂ ਨੂੰ ਵੇਖ ਕੇ ਮਨੁੱਖ ਹੈਰਾਨ ਹੋ ਜਾਂਦਾ ਹੈ ਇਸੇ ਤਰਾਂ ਪ੍ਰਮਾਤਮਾ ਦੀ ਕਾਇਨਾਤ ਨੂੰ ਮਹਿਸੂਸ ਕਰਕੇ ਉਹ ਵਿਸਮਾਦ ਵਿੱਚ ਚਲਾ ਜਾਂਦਾ ਹੈ। ਹਾਲਾਂ ਕਿ ਜਾਦੂਗਰ ਨੇ ਸਿਰਫ਼ ਭਰਮਾਇਆ ਹੀ ਹੁੰਦਾ ਹੈ ਪਰ ਪ੍ਰਮਾਤਮਾ ਦੀ ਇਹ ਸਾਰੀ ਕਾਇਨਾਤ ਅਤੇ ਇਸ ਵਿੱਚ ਉਹ ਜੋ ਕੁਝ ਵੀ ਕਰ ਰਿਹਾ ਹੈ ਅੱਸਲ ਵਿੱਚ ਜਾਦੂ ਹੈ।ਜਾਦੂਗਰ ਦਾ ਜਾਦੂ ਹੱਥ ਦੀ ਸਫਾਈ,ਸਿੱਧੀ ਹੈ ਅਤੇ ਇਸ ਸਿੱਧੀ ਦਾ ਅੰਤ ਹੈ, ਪਰ ਪ੍ਰਮਾਤਮਾ ਦੇ ਜਾਦੂ ਦਾ ਕੋਈ ਅੰਤ ਨਹੀਂ ਹੈ।

ਇਸ ਅਵਸਥਾ ਦੇ ਮਨੁੱਖ ਦਾ ਜੀਵਨ ਖ਼ੁਸ਼ੀ ਭਰਿਆ ਹੁੰਦਾ ਹੈ, ਗੰਭੀਰ ਨਹੀ। ਹਰ ਇਕ ਚੀਜ ਵਿੱਚ ਉਹ ਅਨੰਤ ਰਹੱਸ ਮਹਿਸੂਸ ਕਰਦਾ ਹੈ।

ਜਦੋਂ ਵੀ ਮਨੁੱਖ ਗਿਆਨ ਖੰਡ ਵਿੱਚ ਪ੍ਰਵੇਸ਼ ਕਰਦਾ ਹੈ ਤਾਂ ਉਹ ਖ਼ੁਸ਼ੀ ਅਤੇ ਆਨੰਦ ਨਾਲ ਭਰ ਜਾਂਦਾ ਹੈ। ਇਕ ਗਹਿਰਾ ਵਿਸਮਾਦ ਉਸਨੂੰ ਆਪਣੇ ਲਪੇਟੇ ਵਿੱਚ ਲੈ ਲੈਂਦਾ ਹੈ ਅਤੇ ਉਹ ਬਿਨਾਂ ਕਿਸੇ ਸਬੱਬ ਤੋਂ ਸਜੀਲਾ ਮਹਿਸੂਸ ਕਰਦਾ ਹੈ। ਆਨੰਦ ਉਸਦੇ ਅੰਦਰ ਥਰਥਰਾਉਂਦਾ ਹੈ। ਕੋਈ ਖ਼ਜ਼ਾਨਾ ਨਹੀ ਮਿਲਿਆ ਪਰ ਫਿਰ ਵੀ ਹਿਰਦਾ ਧੰਨਵਾਦ ਦਿੰਦਾ ਹੈ।

ਤੀਜਾ ਪੜਾਅ - ਸਰਮ ਖੰਡ - ਇਸ ਖੰਡ ਵਿੱਚ ਚੇਤਨਤਾ ਦੇ ਸਾਰੇ ਰੂਪ ਢਲਦੇ ਹਨ ਅਤੇ ਮਨ ਦੀ ਨਵੀਂ ਘਾੜਤ ਕਾਰਨ ਜਿਵੇਂ-ਜਿਵੇਂ ਗਿਆਨ ਗਹਿਰਾ ਹੁੰਦਾ ਹੈ, ਜਾਗਰੂਕਤਾ ਵਧਦੀ ਹੈ ਤਿਵੇਂ-ਤਿਵੇਂ ਉਹ ਮਨੁੱਖ ਨਿਮਰਤਾ ਦੀ ਮੂਰਤ ਬਣ ਜਾਂਦਾ ਹੈ। ਉਹ ਇੱਕ ਨੂੰ ਹੀ ਅੰਦਰ ਅਤੇ ਇੱਕ ਨੂੰ ਹੀ ਬਾਹਰ ਪਾਂਉਦਾ ਹੈ। ਇੱਕ ਦਾ ਅਨੁਭਵ ਹੀ ਅਦਵੈਤ ਦਾ ਅਨੁਭਵ ਹੈ।

ਜਦੋਂ ਕੋਈ ਮਨੁੱਖ ਦੁਨਿਆਵੀ ਕਿਸੇ ਚੀਜ ਨੂੰ ਪ੍ਰਾਪਤ ਹੁੰਦਾ ਹੈ ਤਾਂ ਉਹ ਹਉਮੇ, ਆਕੜ ਨਾਲ ਭਰ ਜਾਂਦਾ ਹੈ ਕਿ ਮੇਰੇ ਕੋਲ ਜਾਣਕਾਰੀ ਹੈ। ਪਰ ਜਦੋਂ ਮਨੁੱਖ ਪ੍ਰਮਾਤਮਾ ਨੂੰ ਪ੍ਰਾਪਤ ਹੁੰਦਾ ਹੈ ਤਾਂ ਉਹ ਕੁਝ ਵੀ ਕਹਿਣ ਤੋਂ ਅਸਮਰਥ ਹੁੰਦਾ ਹੈ। ਇਸ ਵਾਸਤੇ ਇਸ ਅੱਵਸਥਾ ਵਿੱਚ ਜੋ ਬੋਧ ਹੁੰਦਾ ਹੈ ਉਹ ਬਿਆਨ ਨਹੀਂ ਕੀਤਾ ਜਾ ਸਕਦਾ।

ਚੋਥਾ ਪੜਾਅ - ਕਰਮ ਖੰਡ - ਕਰਮ ਅਖ਼ਰ ਜਿਹੜਾ ਇਥੇ ਵਰਤਿਆ ਗਿਆ ਹੈ ਉਹ ਫ਼ਾਰਸੀ ਭਾਸ਼ਾ ਦਾ ਹੈ ਜਿਸਦਾ ਮਤਲਬ ਹੈ ਰਹਿਮਤ, ਬਖ਼ਸ਼ਿਸ਼, ਕਿਰਪਾ, ਮਿਹਰ ।

ਇਸ ਖੰਡ ਵਿੱਚ ਪ੍ਰਮਾਤਮਾ ਦੀ ਰਹਿਮਤ ਵਰ੍ਹਨ ਲੱਗ ਪੈਂਦੀ ਹੈ। ਜਦੋਂ ਮਨੁੱਖ ਦਾ ਹੰਕਾਰ, ਆਕੜ ਢਹਿ ਜਾਂਦਾ ਹੈ ਅਤੇ ਉਹ ਨਿਮਰਤਾ ਨੂੰ ਪ੍ਰਾਪਤ ਹੁੰਦਾ ਹੈ ਤਾਂ ਉਹ ਪ੍ਰਮਾਤਮਾ ਦੀ ਰਹਿਮਤ ਦੀ ਪਾਤ੍ਰਤਾ ਦੇ ਲਾਇਕ ਹੋ ਜਾਂਦਾ ਹੈ।ਪ੍ਰਮਾਤਮਾ ਦਾ ਆਤਮ ਬਲ ਉਸਦਾ ਬਲ ਬਣ ਜਾਂਦਾ ਹੈ।

ਪੰਜਵਾਂ ਪੜਾਅ - ਸੱਚ ਖੰਡ - ਇਹ ਮੰਜ਼ਿਲ ਹੈ ਜਿਥੇ ਨਿਰੰਕਾਰ ਦਾ ਨਿਵਾਸ ਹੈ। ਇਥੇ ਪਹੁੰਚ ਕੇ ਮਨੁੱਖ ਦੀ ਆਤਮਾ ਪ੍ਰਮਾਤਮਾ ਵਿੱਚ ਲੀਨ ਹੋ ਜਾਂਦੀ ਹੈ ਅਤੇ ਉਹ ਪ੍ਰਮਾਤਮਾ ਦਾ ਹੀ ਰੂਪ ਹੋ ਜਾਂਦਾ ਹੈ। ਇਥੇ ਪਹੁੰਚ ਕੇ ਮਨੁੱਖ ਨੂੰ ਪ੍ਰਮਾਤਮਾ ਦੀ ਬੇਅੰਤ ਰਚਨਾ ਦਿਖਾਈ ਦੇਂਦੀ ਹੈ ਜਿਸ ਨੂੰ ਉਹ ਮਿਹਰ ਦੀ ਨਜ਼ਰ ਨਾਲ ਸੰਭਾਲ ਰਿਹਾ ਹੈ ਅਤੇ ਆਪਣੀ ਰਜ਼ਾ ਵਿੱਚ ਤੋਰ ਰਿਹਾ ਹੈ। ਇਹ ਅਵਸਥਾ ਮਹਿਸੂਸ ਕੀਤੀ ਜਾ ਸਕਦੀ ਹੈ ਪਰ ਬਿਆਨ ਨਹੀਂ ਹੋ ਸਕਦੀ।

ਸਾਰ:- ਪਹਿਲੇ ਚਾਰ ਖੰਡ ਸਫ਼ਰ ਦੇ ਮਾਰਗ ਹਨ। ਪੰਜਵਾਂ ਖੰਡ ਮੰਜ਼ਿਲ ਹੈ।
ਧਰਮ ਖੰਡ - ਪ੍ਰਕਿਰਤੀ, ਕੁਦਰਤ ਜੋ ਕਿ ਇਕ ਨਿਯਮਿਤ ਤਰੀਕੇ ਨਾਲ ਚੱਲ ਰਹੀ ਹੈ
ਗਿਆਨ ਖੰਡ - ਪ੍ਰਕਿਰਤੀ ਦੇ ਪ੍ਰਤੀ ਜਾਗਰੂਕਤਾ
ਸਰਮ ਖੰਡ - ਹਾਲਤ ਸਮਝ ਕੇ ਨਿਮਰਤਾਵਾਨ ਹੋ ਜਾਣਾ
ਕਰਮ ਖੰਡ - ਪ੍ਰਮਾਤਮਾ ਦੀ ਮਿਹਰ ਬਿਨ੍ਹਾ ਵਿਘਨ ਵਰ੍ਹਨ ਦੇਣਾ
ਸੱਚ ਖੰਡ - ਇਹ ਮੰਜ਼ਿਲ ਹੈ

LESSON 34-37

Central Idea: Position of Inner Self in different spheres of Spiritualism.

The next lessons are on the phases of spiritualism. Happenings at each of the phase are explained below.

First Phase – Realm of Religion - A man got the understanding for what purpose he came here in the world. As in case of school we learn about how the worldly affairs are run and managed. In spiritualism we learn how the True One's affairs are run and managed.

A man came here in this world to gain spiritually. The first lesson is that this land is only a resting place of journey to the Infinite. A man has to March ahead and ahead till he reaches the True One's abode. A man is on the journey and in this short span of resting he clings not only to his wealth and possessions but also to desires and dreams of the future. He completely got involved in them and taken upon all sorts of anxiety while forgotten that he has a destination to reach. He is concerned all about except the real one, to reach Home! Do not make this world a final destination of resting, Home. Live with True One in your mind as he is the target destination, abode.

A man's ultimate destiny is based on whatever actions he has taken. One day the inn (resting place) is taken away from a man but the interlocking of actions remains with him. The world will no longer be for him after a man die but what he did will follow him like a shadow. A man's actions will chase him for infinite births and the last judgment will be based on the sum total of all his actions. If a man keeps constantly in a mind that this world is only a resting place and with whom he is dealing are all staying in this rest house where everyone is a stranger then the chain of almost all of his actions will stop themselves? How a man can got angry, quarrel, cheat etc. with strangers and for what reason and purpose. Rather he feels pity on those who have taken the rest house as their ancestral home and fight in the courts over possession of it. In this world no one can be your very own. There is no way to make someone your own, except the True One. True One alone can be yours, yet a man does not seek! A man has taken strangers to be his own whereas the truth is that each one is travelling his own path, living according to his own actions.

Each action of a man sets the pattern of his life, so thinks a great deal before each act. Only a genuine person can get entry to True One's court and his compassionate eye will then cause such a person to see his hand in all things. As truth begins to enter man's life, he will find proof of his benevolent eye. A man will get a glimpse, a reflection of True One in each and every place. A man could not be able to recognize the True One unless he becomes truthful.

Each one is examined to determine whether he is eligible to enter the True One's court. Will a man is ready to produce his acts before the True One, or will he be afraid to show him? If a person is scared and wants to hide, he is ineligible as nothing can be hidden from the True One. He can see a person through and through. A man may deceive the whole world but how can he deceive his own self? The whole world may hold you in awe and reverence, but a man know himself what he actually is. The existence that is hidden within a man is True One himself. How can a man cheat True One where everything is open, exposed, nothing is covered. Therefore only true persons can enter and respected in his court.

Second Phase – Realm of Spiritual Wisdom – A man when recognizes the True One he attains wisdom. He feels the Infinite glory in full consciousness. Wonderstruck him and he goes in awesome. As a man is amazed to see the magic of a magician similarly a man feels astonished by seeing the existence of the True One. Whereas a magician has only created an illusion but the entire existence of True One and what he is doing in the creation is a real magic. The magic of a magician is legerdemain and there's an end to the doctrine whereas there is no end of the True One's magic.

The life of a man at this phase is not grim but filled with joy and cheer. Everything he sees he finds infinite mystery.

As soon as a man enter the realm of spiritual wisdom he is happier, filled with joy. A profound wonder envelops him from all sides and he feels graceful, for no apparent reason. Bliss pulsates swiftly in him. No treasure has been discovered and yet the heart is weighed down with gratitude.

Third Phase – Realm of Humility – In this realm, all forms of consciousness take shape and as a new shape is being given to inner self, wisdom deepens, awareness increases and a man becomes a figure of modesty. He realized that, the One who is inside the same is outside. The experience of the One is the feeling of nonduality.

As soon as a man attains something worldly he is filled with ego as he has some knowledge. But as soon as a man attains True One he is unable to narrate anything. Therefore the realizations of this realm cannot be explained, described.

Fourth Phase – Realm of Grace - In this phase True One's grace start showering. When a man's arrogance, ego falls apart and he attain modesty then he is worthy to get the True One's grace. True One's strength is his strength now.

Fifth Phase – Realm of Truth – This is the destination where Formless One abodes. Here at this abode a man's soul gets immersed in the Supreme soul and he becomes one with the Formless One. Here a man see the Formless One's infinite creations and how he is taking care all as per his will with a glance of grace. The position at this realm can be felt but is difficult to express in words.

Conclusion: – The first four phases are paths of the journey. The fifth is the destination.
Realm of Religion – There is Nature which is working in an orderly manner
Realm of Spiritual Wisdom – There is awakening to Nature
Realm of Humility – Seeing the position to become modest, humble, and helpless.
Realm of Grace – To allow the True One's grace to shower on without any obstacles.
Realm of Truth – That is the destination.